**ਬੋਲ਼ਿਆਂ ਅਤੇ ਉੱਚਾ ਸੁਣਨ ਵਾਲਿਆਂ ਲਈ ਸੂਬਾਈ ਸੇਵਾਵਾਂ**

**ਮਨਿਸਟਰੀ ਆਫ ਚਿਲਡਰਨ ਐਂਡ ਫੈਮਲੀ ਡਿਵੈਲਪਮੈਂਟ**

**ਬ੍ਰਿਟਿਸ਼ ਕੋਲੰਬੀਆ – ਧਰਤੀ ਉੱਤੇ ਸਭ ਤੋਂ ਵਧੀਆ ਥਾਂ**

---

# ਬੋਲ਼ਿਆਂ ਅਤੇ ਉੱਚਾ ਸੁਣਨ ਵਾਲਿਆਂ ਲਈ ਸੂਬਾਈ ਸੇਵਾਵਾਂ

## ਅਧਿਕਾਰ

ਬੋਲ਼ਿਆਂ ਅਤੇ ਉੱਚਾ ਸੁਣਨ ਵਾਲਿਆਂ ਲਈ ਸੂਬਾਈ ਸੇਵਾਵਾਂ (ਪੀ ਐੱਸ ਡੀ ਐੱਚ ਐੱਚ) ਜਾਣਕਾਰੀ  ਅਤੇ ਸੇਵਾਵਾਂ ਲਈ ਕੇਂਦਰ ਹੈ ਜਿਹੜਾ ਬੋਲ਼ੇ, ਬੋਲ਼ੇ ਅਤੇ ਅੰਨ੍ਹੇਂ ਅਤੇ ਉੱਚਾ ਸੁਣਨ ਵਾਲੇ ਬੱਚਿਆਂ ਅਤੇ ਪਰਿਵਾਰਕ ਵਿਕਾਸ ਦਾ ਸਮਰਥਨ ਕਰਨ ਲਈ ਪਰਿਵਾਰ ਅਤੇ ਕਮਿਊਨਿਟੀ ਦੀ ਸਮਰੱਥਾ ਨੂੰ ਉਤਸ਼ਾਹਿਤ ਕਰਦਾ ਹੈ।

## ਨਿਸ਼ਾਨਾ

ਇਹ ਯਕੀਨੀ ਬਣਾਉਣ ਲਈ ਕਿ ਸੁਣਨ ਸ਼ਕਤੀ ਦੀ ਘਾਟ ਵਾਲੇ ਬੱਚੇ ਆਪਣੀਆਂ ਸੰਭਾਵਨਾਵਾਂ ਦੀ ਵੱਧ ਤੋਂ ਵੱਧ ਪੂਰਤੀ ਕਰ ਸਕਣ ਅਤੇ ਆਪਣੇ ਸੂਬੇ ਵਿੱਚ ਪੂਰੀ ਤਰ੍ਹਾਂ ਸ਼ਮੂਲੀਅਤ ਕਰ ਸਕਣ ਵਾਲੇ ਨਾਗਰਿਕ ਬਣ ਸਕਣ, ਸੂਬੇ ਭਰ ਵਿੱਚ ਮੌਜੂਦਾ ਪਰਿਵਾਰਕ ਅਤੇ ਕਮਿਊਨਿਟੀ ਵਸੀਲਿਆਂ ਵਿੱਚ ਵਾਧਾ ਕਰਨ ਲਈ ਸਿੱਧੀਆਂ ਅਤੇ ਠੇਕੇ ਦੀਆਂ ਸੇਵਾਵਾਂ ਦੀ ਇਕ ਚੰਗੀ-ਤਾਲਮੇਲ ਵਾਲੀ ਵਿਉਂਤ ਬਣਾਉਣਾ।

## ਕਲਾਇੰਟਾਂ ਦੇ ਅਧਿਕਾਰ ਅਤੇ ਜ਼ਿੰਮੇਵਾਰੀਆਂ

ਕਲਾਇੰਟ ਜਦੋਂ ਸਾਡੀਆਂ ਸੇਵਾਵਾਂ ਲੈਂਦੇ ਹਨ ਤਾਂ ਉਹ ਪੀ ਐਸ ਡੀ ਐੱਚ ਐੱਚ ਨਾਲ ਇਕ ਸਾਂਝੀਦਾਰੀ ਵਿੱਚ ਸ਼ਾਮਲ ਹੁੰਦੇ ਹਨ। ਸਾਡੇ ਸਾਰੇ ਕਲਾਇੰਟ ਵਾਲੰਟੀਅਰ ਤੌਰ ਉੱਤੇ ਸਾਡੀਆਂ ਸੇਵਾਵਾਂ ਲੈਣ ਵਾਲੇ ਹਨ। ਆਪਣੇ ਕਲਾਇੰਟਾਂ ਨਾਲ ਬਰਾਬਰੀ ਵਾਲੀ ਸਾਂਝੀਦਾਰੀ ਬਣਾਉਣ ਲਈ, ਅਸੀਂ ਉਹਨਾਂ ਨੂੰ ਉਹਨਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰਦੇ ਹਾਂ।

ਤੁਹਾਡੇ  ਅਧਿਕਾਰ

- ਤੁਹਾਡੇ ਨਾਲ ਸਤਿਕਾਰ ਵਾਲਾ ਵਰਤਾਅ ਹੋਵੇ।
- ਤੁਹਾਡੀਆਂ ਸੇਵਾਵਾਂ ਦੇ ਸੰਬੰਧ ਵਿੱਚ ਸਾਰੇ ਫੈਸਲਿਆਂ ਵਿੱਚ ਤੁਹਾਡੀ ਸ਼ਮੂਲੀਅਤ ਹੋਵੇ।
- ਤੁਹਾਡੀ ਜਾਣਕਾਰੀ ਗੁਪਤ ਰੱਖੀ ਜਾਵੇ।
- ਤੁਹਾਨੂੰ ਪੇਸ਼ਾਵਰ (ਪ੍ਰੋਫੈਸ਼ਨਲ) ਢੰਗ ਨਾਲ ਅਤੇ ਸਮੇਂ ਸਿਰ  ਸੇਵਾਵਾਂ ਮਿਲਣ।

- ਉਹਨਾਂ ਸ਼ਰਤਾਂ ਬਾਰੇ ਸਪਸ਼ਟ ਰੂਪ ਵਿੱਚ ਸਮਝਾਇਆ ਜਾਵੇ, ਜਿਹਨਾਂ ਸ਼ਰਤਾਂ ਅਧੀਨ ਸੇਵਾਵਾਂ ਦਿੱਤੀਆਂ ਜਾਣਗੀਆਂ।
- ਤੁਸੀਂ ਸੇਵਾਵਾਂ ਬਾਰੇ ਆਜ਼ਾਦੀ ਨਾਲ ਆਪਣੀ ਰਾਇ ਦੇਣ ਜਾਂ ਆਪਣੇ ਸਰੋਕਾਰ ਦੱਸਣ ਦੇ ਯੋਗ ਹੋਵੋ।
- ਤੁਹਾਡੇ ਨਾਲ ਸਪਸ਼ਟ ਅਤੇ ਪਹੁੰਚ ਵਾਲਾ ਸੰਚਾਰ (ਕਮਿਊਨੀਕੇਸ਼ਨ) ਹੋਵੇ।

ਤੁਹਾਡੀਆਂ ਜ਼ਿੰਮੇਵਾਰੀਆਂ

- ਪੀ ਐੱਸ ਡੀ ਐੱਚ ਐੱਚ ਦੇ ਸਟਾਫ ਨੂੰ (ਤਬਦੀਲੀਆਂ ਜਾਂ ਮਨਸੂਖੀਆਂ (ਕੈਂਸਿਲੇਸ਼ਨਜ਼) ਵਰਗੀਆਂ ਗੱਲਾਂ ਬਾਰੇ) ਸਮੇਂ ਸਿਰ ਦੱਸਣਾ।
- ਦੂਜੇ ਕਲਾਇੰਟਾਂ ਦਾ ਸਤਿਕਾਰ ਕਰਨਾ।
- ਸਾਨੂੰ ਸਾਰਥਕ ਫੀਡਬੈਕ ਦੇਣਾ ਤਾਂ ਕਿ ਅਸੀਂ ਸੁਧਾਰ ਕਰ ਸਕੀਏ।

**ਕੁਆਲਟੀ ਵਿੱਚ ਲਗਾਤਾਰ ਸੁਧਾਰ**

ਫੀਡਬੈਕ ਦੇਣ ਲਈ ਫਾਰਮ ਫਰੰਟ ਰੀਸੈਪਸ਼ਨ ਤੋਂ ਮਿਲ ਸਕਦੇ ਹਨ। ਸਟੇਕਹੋਲਡਰਾਂ, ਕਲਾਇੰਟਾਂ, ਹਰ ਪੱਧਰ ਦੇ ਸਟਾਫ, ਅਸਿੱਧੀਆਂ ਸੇਵਾਵਾਂ ਦੇਣ ਵਾਲਿਆਂ, ਅਤੇ ਬੋਲ਼ਿਆਂ ਦੀ ਕਮਿਊਨਿਟੀ ਤੋਂ ਮਿਲੇ ਸਰੋਕਾਰਾਂ ਅਤੇ ਫੀਡਬੈਕ ਉੱਪਰ ਗੌਰ ਕਰਨ ਲਈ ਅਤੇ ਉਹਨਾਂ ਨਾਲ ਨਜਿੱਠਣ ਲਈ ਕੁਆਲਟੀ ਵਿੱਚ ਲਗਾਤਾਰ ਸੁਧਾਰ ਕਰਨ ਵਾਲੀ ਟੀਮ ਹਰ ਤਿੰਨਾਂ ਮਹੀਨਿਆਂ ਬਾਅਦ ਮਿਲਦੀ ਹੈ।

ਪੀ ਐੱਸ ਡੀ ਐੱਚ ਐੱਚ ਦੀਆਂ ਸੇਵਾਵਾਂ ਦੀ ਕੁਆਲਟੀ ਅਤੇ ਕੰਮ ਦੇ ਵਾਤਾਵਰਣ ਦੀ ਨਿਸ਼ਾਨਦੇਹੀ ਕਰਕੇ, ਮੁੱਲਾਂਕਣ ਕਰਕੇ ਅਤੇ ਸੁਧਾਰ ਕਰਕੇ ਪੀ ਐੱਸ ਡੀ ਐੱਚ ਐੱਚ ਸਾਲਾਨਾ ਸਰਵੇ ਉੱਤੇ ਵੀ ਗੌਰ ਕਰਦੀ ਹੈ।

ਕੋਈ ਸ਼ਿਕਾਇਤ ਹੈ?

ਅੱਗੇ ਦਿੱਤੇ ਵੈੱਬਸਾਈਟ ਉੱਪਰ ਐੱਮ ਸੀ ਐੱਫ ਡੀ ਦੀ ਸ਼ਿਕਾਇਤ ਦਾ ਤਰੀਕਾ ਦੇਖੋ।

http://www.mcf.gov.bc.ca/complaints

## ਡੈੱਫ ਐਕਸੈੱਸ ਆਫਿਸ

ਡੈੱਫ ਐਕਸੈੱਸ ਆਫਿਸ (ਡੀ ਏ ਓ) ਬੋਲ਼ਿਆਂ, ਬੋਲ਼ਿਆਂ ਅਤੇ ਅੰਨ੍ਹਿਆਂ, ਅਤੇ ਉੱਚਾ ਸੁਣਨ ਵਾਲੇ ਵਿਅਕਤੀਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਸਰਕਾਰੀ ਸੇਵਾਵਾਂ ਤੱਕ ਪਹੁੰਚ ਨੂੰ ਉਤਸ਼ਾਹਿਤ ਕਰਦਾ ਹੈ।

ਡੈੱਫ ਐਕਸੈੱਸ ਆਫਿਸ ਢੁਕਵੇਂ ਵਸੀਲਿਆਂ ਅਤੇ ਸੇਵਾਵਾਂ ਬਾਰੇ ਜਾਣਕਾਰੀ ਦੇਣ ਵਾਲਾ ਕੇਂਦਰ (ਰੈਫਰੈਲ ਸੈਂਟਰ) ਹੈ।

ਡੀ ਏ ਓ ਬੋਲ਼ੇ, ਬੋਲ਼ੇ ਅਤੇ ਅੰਨ੍ਹੇਂ ਅਤੇ ਉੱਚਾ ਸੁਣਨ ਵਾਲੇ ਕਲਾਇੰਟਾਂ ਨਾਲ ਕੰਮ ਕਰ ਰਹੇ ਪੇਸ਼ਾਵਰ (ਪ੍ਰੋਫੈਸ਼ਨਲ) ਲੋਕਾਂ ਲਈ ਜਾਣਕਾਰੀ ਦੇ ਸ੍ਰੋਤ ਵਜੋਂ ਵੀ ਕੰਮ ਕਰਦਾ ਹੈ।

ਡੀ ਏ ਓ ਲਈ ਹੱਕਦਾਰੀ
ਸੇਵਾਵਾਂ ਲਈ ਬੇਨਤੀ ਕਈ ਤਰ੍ਹਾਂ ਦੀਆਂ ਥਾਂਵਾਂ ਤੋਂ ਆ ਸਕਦੀ ਹੈ: ਬੋਲ਼ੇ, ਬੋਲ਼ੇ ਅਤੇ ਅੰਨ੍ਹੇਂ ਜਾਂ ਉੱਚਾ ਸੁਣਨ ਵਾਲੇ ਕਲਾਇੰਟਾਂ ਤੋਂ, ਮਨਿਸਟਰੀ ਦੇ ਸਟਾਫ, ਕਮਿਊਨਿਟੀ ਦੇ ਪੇਸ਼ਾਵਰਾਂ (ਪ੍ਰੋਫੈਸ਼ਨਲਾਂ)/ਭਾਈਵਾਲਾਂ ਤੋਂ ਜੋ ਸਾਡੇ ਵਲੋਂ ਪਛਾਣੇ ਕਲਾਇੰਟਾਂ ਨਾਲ ਕੰਮ ਕਰ ਰਹੇ ਹਨ। ਡੀ ਏ ਓ ਰਾਹੀਂ ਸੇਵਾਵਾਂ ਲੈਣ ਲਈ ਪਰਿਵਾਰ ਆਪਣੇ ਆਪ ਆ ਸਕਦੇ ਹਨ, ਬਸ਼ਰਤੇ ਕਿ ਉਹਨਾਂ ਦੇ ਪਰਿਵਾਰ ਦਾ ਕੋਈ ਇਕ ਮੈਂਬਰ ਬੋਲ਼ਾ, ਬੋਲ਼ਾ ਅਤੇ ਅੰਨ੍ਹਾਂ ਜਾਂ ਉੱਚਾ ਸੁਣਨ ਵਾਲਾ ਹੋਵੇ। ਜੇ ਕਿਸੇ ਕਲਾਇੰਟ ਨੂੰ ਹੱਕਦਾਰ ਨਾ ਸਮਝਿਆ ਜਾਵੇ ਤਾਂ ਕਮਿਊਨਿਟੀ ਲਿਆਜ਼ਾਨ ਵਰਕਰ ਬਦਲਾਂ ਬਾਰੇ ਸੁਝਾ ਦੇ ਸਕਦਾ ਹੈ ਜਾਂ ਕਲਾਇੰਟਾਂ ਨੂੰ ਹੋਰ ਵਸੀਲਿਆਂ ਬਾਰੇ ਦੱਸ ਸਕਦਾ ਹੈ ਜਾਂ ਉਨ੍ਹਾਂ ਕੋਲ ਭੇਜ ਸਕਦਾ ਹੈ।

"ਡੀ ਏ ਓ ਕੋਲ ਇਕੱਲੇ ਬੱਚੇ ਦੀ ਹੀ ਨਹੀਂ ਸਗੋਂ ਪੂਰੇ ਪਰਿਵਾਰ, ਦੀ ਸਹਾਇਤਾ ਕਰਨ ਵਾਲਾ ਮਦਦਗਾਰ ਸਟਾਫ ਹੈ।" – ਪੀ ਐੱਸ ਡੀ ਐੱਚ ਐੱਚ ਸਰਵੇ

ਹੋਰ ਜਾਣਕਾਰੀ ਜਾਂ ਸਲਾਹ ਮਸ਼ਵਰੇ ਲਈ ਸੰਪਰਕ ਕਰੋ:
ਫੋਨ 604.775.1364
ਬੋਲ਼ੇ ਅਤੇ ਉੱਚਾ ਸੁਣਨ ਵਾਲਿਆਂ ਲਈ: 604.660.0508 ਜਾਂ 1 800 667 4770
ਫੈਕਸ: 604.660.1859

## <u>ਸਲਾਹ ਮਸ਼ਵਰੇ ਦੀਆਂ ਸੇਵਾਵਾਂ</u>

ਚਾਇਲਡ, ਫੈਮਲੀ ਐਂਡ ਕਮਿਊਨਿਟੀ ਕੰਨਸਲਟੈਂਟ ਬੋਲ਼ੇ ਅਤੇ ਉੱਚਾ ਸੁਣਨ ਵਾਲਿਆਂ ਅਤੇ ਮਨਿਸਟਰੀ ਆਫ ਚਿਲਡਰਨ ਐਂਡ ਫੈਮਲੀ ਡਿਵੈਲਪਮੈਂਟ ਦੇ ਸਟਾਫ ਲਈ ਕਲਿਨਿਕਲ ਲਿਆਜ਼ਾਨ ਦੇ ਤੌਰ ਉੱਤੇ ਕੰਮ ਕਰਦਾ ਹੈ।

**ਜ਼ਿੰਮੇਵਾਰੀਆਂ ਇਸ ਪ੍ਰਕਾਰ ਹਨ:**

- ਬੋਲ਼ੇ, ਬੋਲ਼ੇ ਅਤੇ ਅੰਨ੍ਹੇਂ ਅਤੇ ਉੱਚਾ ਸੁਣਨ ਵਾਲੇ ਮੈਂਬਰਾਂ ਦੇ ਪਰਿਵਾਰਾਂ ਲਈ ਪਹੁੰਚ ਅਤੇ ਉਹਨਾਂ ਦੀਆਂ ਲੋੜਾਂ ਦੀ ਪੂਰਤੀ ਲਈ ਐੱਮ ਸੀ ਐੱਫ ਡੀ ਦੇ ਸਟਾਫ ਅਤੇ ਕਮਿਊਨਿਟੀ ਦੇ ਭਾਈਵਾਲਾਂ ਲਈ ਕੰਨਸਲਟੈਂਟ (ਸਲਾਹ ਮਸ਼ਵਰਾ ਦੇਣ ਵਾਲੇ) ਵਜੋਂ ਕੰਮ ਕਰਨਾ।
- ਬੋਲ਼ੇ, ਬੋਲ਼ੇ ਅਤੇ ਅੰਨ੍ਹੇਂ ਅਤੇ ਉੱਚਾ ਸੁਣਨ ਵਾਲੇ ਮੈਂਬਰਾਂ ਦੇ ਪਰਿਵਾਰਾਂ ਨਾਲ ਸੰਬੰਧਤ ਬੱਚਿਆਂ ਦੀ ਸੁਰੱਖਿਆ ਦੇ ਕੇਸਾਂ ਨਾਲ ਨਜਿੱਠਣ ਲਈ ਚਾਇਲਡ ਪ੍ਰੋਟੈਕਸ਼ਨ ਵਰਕਰਾਂ, ਸੁਪਰਵਾਇਜ਼ਰਾਂ ਅਤੇ ਮੈਨੇਜਰਾਂ ਲਈ ਕੰਨਸਲਟੈਂਟ (ਸਲਾਹ ਮਸ਼ਵਰਾ ਦੇਣ ਵਾਲੇ) ਵਜੋਂ ਕੰਮ ਕਰਨਾ।
- ਪੀ ਐੱਸ ਡੀ ਐੱਚ ਐੱਚ ਦੇ ਪ੍ਰੋਗਰਾਮਾਂ (ਵਿਕਟਰੀ ਹਿੱਲ ਰੈਜ਼ੀਡੈਂਸ਼ੀਅਲ ਪ੍ਰੋਗਰਾਮ, ਸਰਵਿਸਜ਼ ਫਾਰ ਫੈਮਲੀ ਐਂਡ ਕਮਿਊਨਿਟੀ ਡਿਵੈਲਪਮੈਂਟ, ਯੂਥ ਟਰਾਂਜੀਸ਼ਨ ਪ੍ਰੋਗਰਾਮ ਅਤੇ ਡੈੱਫ ਐਕਸੈੱਸ ਆਫਿਸ) ਨੂੰ ਕਲੀਨੀਕਲ ਸਲਾਹ ਮਸ਼ਵਰਾ ਦੇਣਾ।
- ਬੋਲ਼ੇ, ਬੋਲ਼ੇ ਅਤੇ ਅੰਨ੍ਹੇਂ ਅਤੇ ਉੱਚਾ ਸੁਣਨ ਵਾਲੇ ਜਵਾਨਾਂ ਲਈ ਮੇਪਲਜ਼ ਐਡੋਲਸੈਂਟ ਟਰੀਟਮੈਂਟ ਸੈਂਟਰ ਅਤੇ ਵੈਨਕੂਵਰ ਕੋਸਟਲ ਹੈੱਲਥ ਅਥਾਰਟੀ ਦੇ ਵੈੱਲ ਬੀਇੰਗ ਪ੍ਰੋਗਰਾਮ ਨਾਲ ਮਿਲ ਕੇ ਨਿੱਜੀ ਪੱਧਰ ਦੀਆਂ ਸੰਭਾਲ ਵਿਉਂਤਾਂ (ਕੇਅਰ ਪਲੈਨਜ਼) ਦਾ ਤਾਲਮੇਲ ਰੱਖਣਾ।

**ਸਲਾਹ ਮਸ਼ਵਰੇ ਦੀਆਂ ਸੇਵਾਵਾਂ ਲਈ ਹੱਕਦਾਰੀ**

ਸੇਵਾਵਾਂ ਲਈ ਬੇਨਤੀ ਕਈ ਤਰ੍ਹਾਂ ਦੀਆਂ ਥਾਵਾਂ ਤੋਂ ਆ ਸਕਦੀ ਹੈ: ਬੋਲ਼ੇ, ਬੋਲ਼ੇ ਅਤੇ ਅੰਨ੍ਹੇਂ ਜਾਂ ਉੱਚਾ ਸੁਣਨ ਵਾਲੇ ਕਲਾਇੰਟਾਂ ਤੋਂ, ਮਨਿਸਟਰੀ ਦੇ ਸਟਾਫ, ਕਮਿਊਨਿਟੀ ਦੇ ਪੇਸ਼ਾਵਰਾਂ (ਪ੍ਰੋਫੈਸ਼ਨਲਾਂ)/ਭਾਈਵਾਲਾਂ ਤੋਂ ਜੋ ਸਾਡੇ ਵਲੋਂ ਪਛਾਣੇ ਕਲਾਇੰਟਾਂ ਨਾਲ ਕੰਮ ਕਰ ਰਹੇ ਹਨ। ਪਰਿਵਾਰ ਸਲਾਹ ਮਸ਼ਵਰੇ ਲਈ ਆਪਣੇ ਆਪ ਆ ਸਕਦੇ ਹਨ, ਬਸ਼ਰਤੇ ਕਿ ਉਹਨਾਂ ਦੇ ਪਰਿਵਾਰ ਦਾ ਕੋਈ ਇਕ ਮੈਂਬਰ ਬੋਲ਼ਾ, ਬੋਲ਼ਾ ਅਤੇ ਅੰਨ੍ਹਾਂ ਜਾਂ ਉੱਚਾ ਸੁਣਨ ਵਾਲਾ ਹੋਵੇ। ਜੇ ਕਿਸੇ ਕਲਾਇੰਟ ਨੂੰ ਹੱਕਦਾਰ ਨਾ ਸਮਝਿਆ ਜਾਵੇ ਤਾਂ ਕੰਨਸਲਟੈਂਟ ਬਦਲਾਂ ਬਾਰੇ ਸੁਝਾ ਦੇ ਸਕਦਾ ਹੈ ਜਾਂ ਕਲਾਇੰਟਾਂ ਨੂੰ ਹੋਰ ਵਸੀਲਿਆਂ ਬਾਰੇ ਦੱਸ ਸਕਦਾ ਹੈ ਜਾਂ ਉਨ੍ਹਾਂ ਕੋਲ ਭੇਜ ਸਕਦਾ ਹੈ।

"ਸੇਵਾਵਾਂ ਬਹੁਤ ਮਦਦਗਾਰ ਸਨ। ਖਾਸ ਕਰਕੇ, ਬੱਚਿਆਂ ਦੀ ਸੁਰੱਖਿਆ ਨਾਲ ਸੰਬੰਧਤ ਮਾਮਲਿਆਂ ਵਿੱਚ ਭਾਈਵਾਲੀ ਬਹੁਤ ਨਿਰਵਿਘਨ ਸੀ ਅਤੇ ਹਮੇਸ਼ਾਂ ਸਮੇਂ ਸਿਰ ਪੂਰੀ ਕੀਤੀ ਗਈ।" ਪੀ ਐੱਸ ਡੀ ਐੱਚ ਐੱਚ ਸਰਵੇ

ਹੋਰ ਜਾਣਕਾਰੀ ਜਾਂ ਸਲਾਹ ਮਸ਼ਵਰੇ ਲਈ ਸੰਪਰਕ ਕਰੋ:

ਬੋਲ਼ੇ ਅਤੇ ਉੱਚਾ ਸੁਣਨ ਵਾਲਿਆਂ ਲਈ: 604.660.1807

ਫੋਨ: 604.660.1800

ਫੈਕਸ: 604.660.1859

ਦਫਤਰ ਦਾ ਸਮਾਂ: ਸਵੇਰ ਦੇ 9:00 ਵਜੇ – ਸ਼ਾਮ ਦੇ 4:30 ਵਜੇ ਤੱਕ।

## ਯੂਥ ਟਰਾਂਜ਼ੀਸ਼ਨ ਪ੍ਰੋਗਰਾਮ

2005 ਵਿੱਚ ਸਥਾਪਤ ਕੀਤਾ ਗਿਆ ਯੂਥ ਟਰਾਂਜ਼ੀਸ਼ਨ ਪ੍ਰੋਗਰਾਮ (ਵਾਈ ਟੀ ਪੀ) ਬੋਲ਼ੇ, ਉੱਚਾ ਸੁਣਨ ਵਾਲੇ ਅਤੇ ਬੋਲ਼ੇ ਅਤੇ ਅੰਨ੍ਹੇਂ ਜਵਾਨਾਂ ਲਈ ਵਸੀਲਿਆਂ ਦਾ ਪ੍ਰੋਗਰਾਮ ਹੈ। ਪਰਿਵਾਰਾਂ, ਕਮਿਊਨਿਟੀਆਂ ਅਤੇ ਸੇਵਾਵਾਂ ਦੇਣ ਵਾਲਿਆਂ ਨਾਲ ਮਿਲ ਕੇ, ਵਾਈ ਟੀ ਪੀ, ਜਵਾਨਾਂ ਦੀ ਆਪਣੇ ਭਵਿੱਖ ਬਾਰੇ ਵਿਉਂਤ ਬਣਾਉਣ ਵਿੱਚ ਸਹਾਇਤਾ ਕਰਦਾ ਹੈ।

ਕਿਸ਼ੋਰ ਅਵਸਥਾ ਤੋਂ ਚੜ੍ਹਦੀ ਜਵਾਨੀ ਤੱਕ ਦੀ ਉਮਰ ਦਾ ਵਿਚਕਾਰਲਾ ਸਮਾਂ ਇਹਨਾਂ ਜਵਾਨਾਂ ਲਈ ਵਿਕਾਸ ਦਾ ਨਾਜ਼ਕ ਸਮਾਂ ਹੁੰਦਾ ਹੈ। ਵਾਈ ਟੀ ਪੀ ਸਮਰਥਨ ਲਈ ਨੈੱਟਵਰਕ ਸਥਾਪਤ ਕਰਨ ਅਤੇ ਬਾਲਗ ਅਵਸਥਾ ਵੱਲ ਰਾਹ ਬਣਾਉਣ ਲਈ ਇਕ ਵਿਲੱਖਣ ਅਤੇ ਮਹੱਤਵਪੂਰਨ ਸੰਬੰਧ ਪੇਸ਼ ਕਰਦਾ ਹੈ।

ਵਾਈ ਟੀ ਪੀ ਸੇਵਾਵਾਂ

ਸੇਵਾਵਾਂ ਵਿੱਚ ਸ਼ਾਮਲ ਹਨ ਆਈ ਟੀ ਪੀ (ਤਬਦੀਲੀ ਲਈ ਨਿੱਜੀ ਵਿਉਂਤ), ਪਰਿਵਾਰਕ/ਕਮਿਊਨਿਟੀ ਵਿਉਂਤ ਮੀਟਿੰਗਾਂ, ਅਪੁਆਇੰਟਮੈਂਟ ਲਈ ਸਹਾਇਤਾ, ਗੁਣਾਂ ਅਤੇ ਦਿਲਚਸਪੀਆਂ ਦਾ ਮੁੱਲਾਂਕਣ, ਅਤੇ ਕਮਿਊਨਿਟੀ ਵਸੀਲਿਆਂ ਨਾਲ ਸੰਬੰਧ। ਪਰ ਸੇਵਾਵਾਂ ਦੇਣਾ ਇਥੋਂ ਤੱਕ ਹੀ ਸੀਮਤ ਨਹੀਂ ਹੈ। ਜਵਾਨਾਂ ਲਈ ਕਮਿਊਨਿਟੀ ਆਧਾਰਤ ਤਬਦੀਲੀ ਦੀ ਗੁੰਦਵੀਂ ਵਿਉਂਤ ਬਣਾਉਣ ਵਿੱਚ ਮਦਦ ਕਰਨ ਲਈ ਵਾਈ ਟੀ ਪੀ ਮੌਜੂਦ ਏਜੰਸੀਆਂ ਨਾਲ ਮਿਲ ਕੇ ਕੰਮ ਕਰਦਾ ਹੈ। ਵਾਈ ਟੀ ਪੀ ਦਾ ਅਜਿਹੀਆਂ ਸੇਵਾਵਾਂ ਪ੍ਰਦਾਨ ਕਰਨ ਦਾ ਇਰਾਦਾ ਨਹੀਂ ਹੈ ਜੋ ਪਹਿਲਾਂ ਹੀ ਦੂਸਰੀਆਂ ਮਨਿਸਟਰੀਆਂ ਜਾਂ ਸੇਵਾਵਾਂ ਦੇਣ ਵਾਲਿਆਂ ਵਲੋਂ ਦਿੱਤੀਆਂ ਜਾਂਦੀਆਂ ਹੋਣ, ਇਸ ਦੀ ਥਾਂ ਵਾਈ ਟੀ ਪੀ ਇਸ ਵਿਲੱਖਣ ਵਸੋਂ ਲਈ ਮਿਲਦੀਆਂ ਸੇਵਾਵਾਂ ਦੇ ਖੱਪੇ ਪੂਰਨੇ ਚਾਹੁੰਦਾ ਹੈ ਅਤੇ ਜਵਾਨਾਂ ਦੇ ਆਪਣੀਆਂ ਕਮਿਊਨਿਟੀਆਂ ਵਿੱਚ ਸੰਬੰਧ ਸਥਾਪਤ ਕਰਨਾ ਚਾਹੁੰਦਾ ਹੈ।

ਯੂਥ ਟਰਾਂਜ਼ੀਸ਼ਨ ਪ੍ਰੋਗਰਾਮ ਲਈ ਹੱਕਦਾਰੀ

ਬੋਲ਼ੇ, ਉੱਚਾ ਸੁਣਨ ਵਾਲੇ ਅਤੇ ਬੋਲ਼ੇ ਅਤੇ ਅੰਨ੍ਹੇਂ ਜਵਾਨ, ਜੋ ਬ੍ਰਿਟਿਸ਼ ਕੋਲੰਬੀਆ ਦੇ ਵਸਨੀਕ ਹਨ, ਅਤੇ 17-21 ਸਾਲ ਦੀ ਉਮਰ ਦੇ ਵਿਚਕਾਰ ਹਨ ਅਤੇ ਆਪਣੇ ਸਮੁੱਚੇ ਸੰਚਾਰ ਜਾਂ ਉਸ ਦੇ ਕੁਝ ਹਿੱਸੇ ਵਜੋਂ ਸਾਈਨ ਲੈਂਗੁਏਜ ਦੀ ਵਰਤੋਂ ਕਰਦੇ ਹਨ, ਵਾਈ ਟੀ ਪੀ ਦੀਆਂ ਸੇਵਾਵਾਂ ਲਈ ਹੱਕਦਾਰ ਹਨ।

"ਉਸ ਦੀ ਗਰੈਜੂਏਸ਼ਨ ਤੋਂ ਬਾਅਦ, ਮੇਰੀ ਧੀ ਲਈ ਅਤਿ ਲੋੜੀਂਦੀ ਸੇਵਾ ਲੈ ਕੇ ਦੇਣ ਲਈ ਧੰਨਵਾਦ।" ਇਕ ਵਾਈ ਟੀ ਪੀ ਕਲਾਇੰਟ ਦਾ ਮਾਪਾ

ਹੋਰ ਜਾਣਕਾਰੀ ਜਾਂ ਸਲਾਹ ਮਸ਼ਵਰੇ ਲਈ ਸੰਪਰਕ ਕਰੋ:

ਬੋਲ਼ੇ ਅਤੇ ਉੱਚਾ ਸੁਣਨ ਵਾਲਿਆਂ ਲਈ: 604.660.1807

ਫੋਨ: 604.660.1800

ਫੈਕਸ: 604.660.1859

ਦਫਤਰ ਦਾ ਸਮਾਂ: ਸਵੇਰ ਦੇ 9:00 ਵਜੇ – ਸ਼ਾਮ ਦੇ 4:30 ਵਜੇ ਤੱਕ।

## ਵਿਕਟਰੀ ਹਿੱਲ ਰੈਜ਼ੀਡੈਂਸ਼ੀਅਲ ਪ੍ਰੋਗਰਾਮ

ਵੀ ਐੱਚ ਆਰ ਪੀ ਦਾ ਅਧਿਕਾਰ

ਇਹ ਯਕੀਨੀ ਬਣਾਉਣ ਲਈ ਕਿ ਵਸਨੀਕ ਦੀਆਂ ਸਭਿਆਚਾਰਕ, ਸਰੀਰਕ, ਸਮਾਜਕ, ਜਜ਼ਬਾਤੀ ਅਤੇ ਵਿਦਿਅਕ ਲੋੜਾਂ ਦੀ ਹਾਂ-ਪੱਖੀ ਅਤੇ ਸਮਰਥਨ ਭਰਪੂਰ ਢੰਗ ਨਾਲ ਪੂਰਤੀ ਹੋਵੇ, ਵੀ ਐੱਚ ਆਰ ਪੀ ਵਸਨੀਕਾਂ ਅਤੇ ਉਹਨਾਂ ਦੇ ਮਾਪਿਆਂ ਨਾਲ ਮਿਲ ਕੇ ਕੰਮ ਕਰਨ ਲਈ ਵਚਨਬੱਧ ਹੈ। ਵੀ ਐੱਚ ਆਰ ਪੀ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਤਾਂ ਕਿ ਵਸਨੀਕਾਂ ਨੂੰ ਆਪਣੀਆਂ ਯੋਗਤਾਵਾਂ ਨੂੰ ਵਧਾਉਣ, ਆਪਣੀਆਂ ਸੰਚਾਰ ਜਾਚਾਂ (ਕਮਿਊਨੀਕੇਸ਼ਨ ਸਕਿੱਲਜ਼) ਵਿੱਚ ਸੁਧਾਰ ਕਰਨ ਅਤੇ ਬੋਲ਼ਿਆਂ ਦੇ ਇਤਿਹਾਸ ਅਤੇ ਸਭਿਆਚਾਰ ਨੂੰ ਸਿੱਖਣ ਲਈ ਉਤਸ਼ਾਹਿਤ ਕੀਤਾ ਜਾਵੇ।

ਰਿਹਾਇਸ਼ੀ ਜੀਵਨ

ਵਿਕਟਰੀ ਹਿੱਲ ਰੈਜ਼ੀਡੈਂਸ਼ੀਅਲ ਪ੍ਰੋਗਰਾਮ (ਵੀ ਐੱਚ ਆਰ ਪੀ) ਉਹਨਾਂ ਬੋਲ਼ੇ ਬੱਚਿਆਂ ਲਈ ਬੋਲ਼ਿਆਂ ਦੀਆਂ ਲੋੜਾਂ ਅਨੁਸਾਰ ਬਣੀ ਰਿਹਾਇਸ਼ ਹੈ, ਜਿਹੜੇ ਲੋਅਰ ਮੇਨਲੈਂਡ ਤੋਂ ਬਾਹਰ ਰਹਿੰਦੇ ਹਨ ਅਤੇ ਬ੍ਰਿਟਿਸ਼ ਕੋਲੰਬੀਆ ਸਕੂਲ ਫਾਰ ਦੀ ਡੈੱਫ (ਬੀ ਸੀ ਐੱਸ ਡੀ) ਵਿੱਚ ਪੜ੍ਹਦੇ ਹਨ। ਵੀ ਐੱਚ ਆਰ ਪੀ ਵਿਖੇ ਬੋਲ਼ੇ ਬੱਚਿਆਂ ਅਤੇ ਜਵਾਨਾਂ ਲਈ ਰਿਹਾਇਸ਼ੀ ਤਜਰਬਾ ਅਤੇ ਵਾਤਾਵਰਨ ਬ੍ਰਿਟਿਸ਼ ਕੋਲੰਬੀਆ ਦੇ ਇਕ ਆਮ ਘਰ ਵਰਗਾ ਬਣਾਇਆ ਗਿਆ ਹੈ। ਖਾਣਾ ਬਣਾਉਣ, ਘਰ ਦੇ ਕੰਮਕਾਜ, ਹੋਮਵਰਕ ਅਤੇ ਲਾਂਡਰੀ ਵਰਗੇ ਨਿੱਤਨੇਮ ਵਸਨੀਕਾਂ ਅਤੇ ਸਟਾਫ ਦੇ ਸਾਂਝੇ ਰੋਜ਼ਾਨਾ ਦਿਨ ਦਾ ਹਿੱਸਾ ਹਨ। ਉਤਸ਼ਾਹ ਭਰਪੂਰ ਵਾਤਾਵਰਨ ਇਤਫਾਕੀਆ ਸਿੱਖਿਆ ਦੀ ਘਾਟ ਨੂੰ ਪੂਰਾ ਕਰਨ ਉੱਤੇ ਕੇਂਦਰਿਤ ਹੈ ਜਿਸ ਤਰ੍ਹਾਂ ਦੀ ਸਿੱਖਿਆ ਸੁਣ ਸਕਣ ਵਾਲੇ ਬੱਚਿਆਂ ਲਈ ਆਮ ਹੈ। ਇਸ ਰੁਕਾਵਟ ਤੋਂ ਜਾਣੂ ਵੀ ਐੱਚ ਆਰ ਪੀ ਦਾ ਸਟਾਫ ਰੋਜ਼ਾਨਾ ਜ਼ਿੰਦਗੀ ਦੀਆਂ ਸਰਗਰਮੀਆਂ ਤੋਂ ਵੱਧ ਤੋਂ ਵੱਧ ਸਿੱਖਣ ਲਈ ਕੰਮ ਕਰਦਾ ਹੈ।

ਪ੍ਰੋਗਰਾਮ

ਵਸਨੀਕ ਦੇ ਉਦੇਸ਼ਾਂ ਬਾਰੇ ਫੈਸਲਾ ਕਰਨ ਲਈ ਬੱਚੇ, ਮਾਪਿਆਂ ਅਤੇ ਵੀ ਐੱਚ ਆਰ ਪੀ ਦੇ ਸਟਾਫ ਦੀ ਸ਼ਮੂਲੀਅਤ ਨਾਲ **ਨਿੱਜੀ ਸੰਭਾਲ ਵਿਉਂਤਾਂ** ਬਣਾਈਆਂ ਜਾਂਦੀਆਂ ਹਨ। ਉਦੇਸ਼ਾਂ ਵਿੱਚ ਜੀਵਨ ਜਾਚਾਂ, ਰਿਸ਼ਤਿਆਂ, ਸੰਚਾਰ (ਕਮਿਊਨੀਕੇਸ਼ਨ), ਮਸਲਿਆਂ ਦਾ ਹੱਲ, ਕਮਿਊਨਿਟੀ ਦੇ ਵਸੀਲਿਆਂ ਤੱਕ ਪਹੁੰਚ ਕਰਨ ਅਤੇ ਪੋਸਟ ਸੈਕੰਡਰੀ ਪੜ੍ਹਾਈ ਲਈ ਤਿਆਰੀ ਕਰਨ ਵਰਗੇ ਖੇਤਰ ਸ਼ਾਮਲ ਹਨ।

**ਐਲੀਮੈਂਟਰੀ ਪ੍ਰੋਗਰਾਮ** ਸੰਚਾਰ (ਕਮਿਊਨੀਕੇਸ਼ਨ), ਰਿਸ਼ਤੇ ਬਣਾਉਣ, ਸਵੈ ਵਿਕਾਸ ਅਤੇ ਇਤਫਾਕੀਆ ਸਿੱਖਣ ਵਰਗੇ ਖੇਤਰਾਂ ਵਿੱਚ ਅਮੀਰ ਬੋਲੀ ਦੇ ਵਾਤਾਵਰਨ ਵਿੱਚ ਅਗੇਤੀਆਂ ਵਿਕਾਸਮਈ ਜਾਚਾਂ ਨੂੰ ਉਤਸ਼ਾਹਿਤ ਕਰਨ ਉੱਪਰ ਕੇਂਦਰਿਤ ਹੈ।

ਸੈਕੰਡਰੀ ਪ੍ਰੋਗਰਾਮ ਪਹਿਚਾਣ, ਆਜ਼ਾਦ ਰਹਿਣੀ ਦੀਆਂ ਜਾਚਾਂ ਅਤੇ ਆਪਣੇ ਆਲੇ ਦੁਆਲੇ ਨੂੰ ਸਮਝਣ ਵਰਗੇ ਕਿਸ਼ੋਰ ਅਵਸਥਾ ਵਿੱਚ ਵਿਕਾਸ ਨਾਲ ਸੰਬੰਧਤ ਮਾਮਲਿਆਂ ਉੱਤੇ ਕੇਂਦਰਿਤ ਹੈ।

ਵੀ ਐੱਚ ਆਰ ਪੀ ਲਈ  ਹੱਕਦਾਰੀ ਅਤੇ ਦਾਖਲਾ

ਵੀ ਐੱਚ ਆਰ ਪੀ ਲਈ ਹੱਕਦਾਰ ਹੋਣ ਲਈ, ਜ਼ਰੂਰੀ ਹੈ ਕਿ ਵਿਦਿਆਰਥੀ ਗਰੇਟਰ ਵੈਨਕੂਵਰ ਰੀਜਨਲ ਡਿਸਟ੍ਰਿਕਟ ਤੋਂ ਬਾਹਰ ਰਹਿੰਦੇ ਹੋਣ ਅਤੇ/ਜਾਂ ਉਹਨਾਂ ਦੇ ਪਰਿਵਾਰਕ ਘਰ ਤੋਂ ਵੀ ਐੱਚ ਆਰ ਪੀ ਤੱਕ ਆਉਣ ਲਈ ਇਕ ਘੰਟੇ ਤੋਂ ਵੱਧ (ਇਕ ਪਾਸੇ ਦਾ) ਸਮਾਂ ਲੱਗਦਾ ਹੋਵੇ। ਵਿਦਿਆਰਥੀਆਂ ਦਾ ਮਨਿਸਟਰੀ ਆਫ ਐਜੂਕੇਸ਼ਨ ਦੇ ਪ੍ਰੋਵਿੰਸ਼ੀਅਲ ਰੀਸੋਰਸ ਪ੍ਰੋਗਰਾਮ ਲਈ ਸਵੀਕਾਰ ਕੀਤੇ ਜਾਣਾ ਵੀ ਜ਼ਰੂਰੀ ਹੈ। ਜਦੋਂ ਕਿਸੇ ਵਿਦਿਆਰਥੀ ਨੂੰ ਮਨਿਸਟਰੀ ਆਫ ਐਜੂਕੇਸ਼ਨ ਦੇ ਰੀਸੋਰਸ ਪ੍ਰੋਗਰਾਮ ਲਈ ਸਵੀਕਾਰ ਕਰ ਲਿਆ ਜਾਂਦਾ ਹੈ ਤਾਂ ਵਿਦਿਆਰਥੀ ਦੇ ਮਾਪੇ/ਸਰਪ੍ਰਸਤ ਵੀ ਐੱਚ ਆਰ ਪੀ ਵਿੱਚ ਰਿਹਾਇਸ਼ ਲਈ ਅਰਜ਼ੀ ਕਰ ਸਕਦੇ ਹਨ। ਵੀ ਐੱਚ ਆਰ ਪੀ ਨੂੰ ਆਪਣੇ ਬੱਚੇ ਲਈ ਰਿਹਾਇਸ਼ ਬਣਾਉਣ ਬਾਰੇ ਗੌਰ ਕਰ ਰਹੇ ਮਾਪਿਆਂ ਲਈ ਆਪਣੇ ਬੱਚੇ ਨਾਲ ਸਾਡੇ ਪ੍ਰੋਗਰਾਮ ਵਿਖੇ ਆਉਣਾ ਜ਼ਰੂਰੀ ਹੈ। ਸਾਡੇ ਪ੍ਰੋਗਰਾਮ ਵਿਖੇ ਆਉਣ ਤੋਂ ਬਾਅਦ ਮਾਪੇ ਅਤੇ ਵੀ ਐੱਚ ਆਰ ਪੀ ਦਾ ਕੋਆਰਡੀਨੇਟਰ ਰਲ ਕੇ ਫੈਸਲਾ ਕਰਦੇ ਹਨ ਕਿ ਕੀ ਵੀ ਐੱਚ ਆਰ ਪੀ ਬੱਚੇ ਲਈ ਇਕ ਠੀਕ ਥਾਂ ਹੈ।

"ਡੌਰਮ (ਰਿਹਾਇਸ਼) ਵਿੱਚ ਆਉਣ ਤੋਂ ਬਾਅਦ ਮੇਰੀ ਧੀ ਦੀ ਜ਼ਿੰਦਗੀ ਵਿੱਚ ਬਹੁਤ ਤਬਦੀਲੀਆਂ ਆਈਆਂ ਹਨ। ਇਕੱਲੀ ਉਸ ਦੀ ਜ਼ਿੰਦਗੀ ਵਿੱਚ ਹੀ ਨਹੀ, ਮੇਰੇ ਸਾਰੇ ਪਰਿਵਾਰ ਦੀ ਜ਼ਿੰਦਗੀ ਵਿੱਚ।" ਇਕ ਮਾਪਾ

ਹੋਰ ਜਾਣਕਾਰੀ ਜਾਂ ਸਲਾਹ ਮਸ਼ਵਰੇ ਲਈ ਸੰਪਰਕ ਕਰੋ:

ਬੋਲ਼ੇ ਅਤੇ ਉੱਚਾ ਸੁਣਨ ਵਾਲਿਆਂ ਲਈ: 604.775.4009

ਫੋਨ: 604.660.1800

ਫੈਕਸ: 604.660.1859

## ਪਰਿਵਾਰ ਅਤੇ ਕਮਿਊਨਿਟੀ ਵਿਕਾਸ ਲਈ ਸੇਵਾਵਾਂ

ਕਮਿਊਨਿਟੀ ਵਿਕਾਸ ਲਈ ਸੇਵਾਵਾਂ (ਐੱਸ ਐੱਫ ਸੀ ਡੀ) ਦਾ ਪ੍ਰੋਗਰਾਮ ਆਪਣੇ ਸਮੁੱਚੇ ਜਾਂ ਕੁੱਝ ਹਿੱਸੇ ਦੇ ਸੰਚਾਰ (ਕਮਿਊਨੀਕੇਸ਼ਨ) ਲਈ ਸਾਈਨ ਲੈਂਗੁਏਜ ਦੀ ਵਰਤੋਂ ਕਰਨ ਵਾਲੇ ਬੋਲ਼ੇ ਅਤੇ ਉੱਚਾ ਸੁਣਨ ਵਾਲੇ (5 –19 ਸਾਲ ਦੀ ਉਮਰ ਵਿਚਕਾਰ ਦੇ) ਬੱਚਿਆਂ ਵਾਲੇ ਪਰਿਵਾਰਾਂ ਲਈ ਇਕ ਸੂਬਾਈ ਵਸੀਲਿਆਂ ਦਾ ਪ੍ਰੋਗਰਾਮ ਹੈ। ਪਰਿਵਾਰਾਂ ਅਤੇ ਕਮਿਊਨਿਟੀਆਂ ਨਾਲ ਮਿਲ ਕੇ ਅਸੀਂ ਸਭਿਆਚਾਰਕ ਤੌਰ ਉੱਤੇ ਅਤੇ ਲੋੜਾਂ ਅਨੁਸਾਰ ਢੁਕਵੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ ਜਿਹੜੀਆਂ ਬੋਲ਼ੇ ਅਤੇ ਉੱਚਾ ਸੁਣਨ ਵਾਲੇ ਬੱਚਿਆਂ ਨੂੰ ਆਪਣੇ ਪਰਿਵਾਰਾਂ ਅਤੇ ਕਮਿਊਨਿਟੀਆਂ ਦਾ ਹਿੱਸਾ ਬਣਨ ਲਈ ਉਤਸ਼ਾਹਿਤ ਕਰਦੀਆਂ ਹਨ।

ਪਰਿਵਾਰਕ ਵਿਕਾਸ ਅਤੇ ਨੈੱਟਵਰਕਿੰਗ

ਸਾਈਨ ਲੈਂਗੁਏਜ ਦਾ ਵਿਕਾਸ – ਪਰਿਵਾਰ ਦੀਆਂ ਸਾਈਨ ਲੈਂਗੁਏਜ ਵਿੱਚ ਸੰਚਾਰ ਕਰਨ ਦੀਆਂ ਜਾਚਾਂ (ਕਮਿਊਨੀਕੇਸ਼ਨ ਸਕਿੱਲਜ਼) ਨੂੰ ਵਿਕਸਤ ਕਰਨ ਲਈ ਤਿਆਰ ਕੀਤਾ ਗਿਆ ਹੈ ਜਿਸ ਨਾਲ ਪਰਿਵਾਰ ਦੀ ਆਪਣੇ ਬੋਲ਼ੇ ਜਾਂ ਉੱਚਾ ਸੁਣਨ ਵਾਲੇ ਬੱਚੇ ਨਾਲ ਸੰਚਾਰ (ਕਮਿਊਨੀਕੇਟ) ਕਰਨ ਅਤੇ ਉਸ ਦੀ ਸਹਾਇਤਾ ਕਰਨ ਦੀ ਸਮਰੱਥਾ ਮਜ਼ਬੂਤ ਹੋਵੇਗੀ। ਇਹ ਸਿੱਖਿਆ ਵਿਅਕਤੀਗਤ ਅਤੇ ਗਰੁੱਪ ਪੱਧਰ ਉੱਤੇ ਦਿੱਤੀ ਜਾਂਦੀ ਹੈ, ਅਤੇ ਇਹ ਮਾਪਿਆਂ ਵਲੋਂ ਆਪਣੇ ਬੱਚੇ ਨਾਲ ਸੰਚਾਰ ਕਰਨ ਲਈ ਢੁੱਕਵੀਂ ਸਾਈਨ ਲੈਂਗੁਏਜ ਉੱਤੇ ਕੇਂਦਰਿਤ ਹੈ।

ਇਕੱਠੇ ਸਿੱਖਣ ਦਾ ਪ੍ਰੋਗਰਾਮ

ਫੈਮਲੀ ਐਸਿਨਸ਼ਲਜ਼ (ਪਰਿਵਾਰ ਲਈ ਜ਼ਰੂਰੀ) ਨਾਮੀ ਸੇਵਾ ਐੱਸ ਐੱਫ ਸੀ ਡੀ ਅਤੇ ਡੈੱਫ ਯੂਥ ਟੂ-ਡੇਅ ਦੀ ਸਾਂਝੀ ਸੇਵਾ ਹੈ। ਘਰ ਉੱਤੇ ਆਧਾਰਿਤ ਇਹ ਸੇਵਾ ਪਰਿਵਾਰ ਦੀਆਂ ਲੋੜਾਂ ਬਾਰੇ ਹੈ, ਜਿਹਨਾਂ ਵਿੱਚ ਛੋਟੇ ਬੱਚਿਆਂ ਲਈ ਬੋਲ਼ੇ ਰੋਲ ਮਾਡਲ ਪ੍ਰਦਾਨ ਕਰਨਾ ਵੀ ਸ਼ਾਮਲ ਹੈ ਜਿਸ ਸਮੇਂ ਮਾਪੇ ਸਿੱਖਣ ਦੇ ਕਈ ਮੌਕਿਆਂ ਦੀ ਲੜੀ ਦੌਰਾਨ ਐੱਸ ਐੱਫ ਸੀ ਡੀ ਦੇ ਪੇਸ਼ਾਵਰਾਂ (ਪ੍ਰੋਫੈਸ਼ਨਲਾਂ) ਨਾਲ ਮਿਲਦੇ ਹਨ।

ਸਿੱਖਣ ਲਈ ਵਰਕਸ਼ਾਪਾਂ

ਮਾਪਿਆਂ ਲਈ ਬੋਲ਼ੇ ਜਾਂ ਉੱਚਾ ਸੁਣਨ ਵਾਲੇ ਬੱਚੇ ਨੂੰ ਪਾਲਣ ਬਾਰੇ ਵਿਲੱਖਣ ਤਜਰਬਿਆਂ ਬਾਰੇ ਸਿੱਖਣ ਦੇ ਮੌਕੇ।

ਮਾਪਿਆਂ ਲਈ ਸਹਾਇਤਾ

ਮਾਪੇ ਅਤੇ ਸੰਭਾਲ ਕਰਨ ਵਾਲੇ ਬੋਲ਼ੇ ਅਤੇ ਉੱਚਾ ਸੁਣਨ ਵਾਲੇ ਬੱਚਿਆਂ ਨੂੰ ਪਾਲਣ ਨਾਲ ਸੰਬੰਧਤ ਜਾਣਕਾਰੀ ਅਤੇ ਤਜਰਬਿਆਂ ਨੂੰ ਇਕ ਦੂਸਰੇ ਨਾਲ ਸਾਂਝਾ ਕਰਨ ਲਈ ਇਕੱਠੇ ਹੁੰਦੇ ਹਨ।

ਪਰਿਵਾਰਕ ਦਿਨ

ਇਮਰਸ਼ਨ ਪ੍ਰੋਗਰਾਮ ਪਰਿਵਾਰਾਂ ਨੂੰ ਬੋਲ਼ਿਆਂ ਦੇ ਵਾਤਾਵਰਨ ਬਾਰੇ ਤਜਰਬਾ ਪ੍ਰਦਾਨ ਕਰਦੇ ਹਨ। ਗਰਮੀਆਂ ਵਿੱਚ ਅਤੇ ਬਹੁ-ਸਭਿਆਚਾਰਕ ਇਮਰਸ਼ਨ ਤਜਰਬਿਆਂ ਦੌਰਾਨ ਵਿਅਕਤੀਗਤ ਪਰਿਵਾਰਾਂ ਲਈ ਇਮਰਸ਼ਨ ਦੇ ਤਜਰਬੇ ਉਪਲਭਧ ਹਨ।

ਆਊਟਰੀਚ ਪ੍ਰੋਗਰਾਮ

ਜਦੋਂ ਵਸੀਲੇ ਮੌਜੂਦ ਹੋਣ ਐੱਸ ਐੱਫ ਸੀ ਡੀ ਲੋਅਰ ਮੇਨਲੈਂਡ ਤੋਂ ਬਾਹਰ ਰਹਿ ਰਹੇ ਪਰਿਵਾਰਾਂ ਲਈ ਪ੍ਰੋਗਰਾਮ ਅਤੇ ਸੇਵਾਵਾਂ ਪ੍ਰਦਾਨ ਕਰਦੀ ਹੈ। ਸਾਡਾ ਨਿਸ਼ਾਨਾ ਮਜ਼ਬੂਤ ਨੈੱਟਵਰਕ ਅਤੇ ਸੇਵਾਵਾਂ ਤੱਕ ਪਹੁੰਚ ਵਿਕਸਤ ਕਰਨ ਲਈ ਮੌਜੂਦਾ ਕਮਿਊਨਿਟੀ  ਵਸੀਲਿਆਂ ਅਤੇ ਮਾਪਿਆਂ ਨਾਲ ਸਾਂਝ ਪੈਦਾ ਕਰਨਾ ਹੈ।

ਐੱਸ ਐੱਫ ਸੀ ਡੀ ਲਈ ਹੱਕਦਾਰੀ:

ਆਪਣੇ ਸੰਚਾਰ (ਕਮਿਊਨੀਕੇਸ਼ਨ) ਦੇ ਸਮੁੱਚੇ ਜਾਂ ਕੁੱਝ ਹਿੱਸੇ ਵਜੋਂ ਸਾਈਨ ਲੈਂਗੁਏਜ ਦੀ ਵਰਤੋਂ ਕਰਨ ਵਾਲੇ ਸਕੂਲ ਜਾਣ ਦੀ ਉਮਰ ਦੇ ਬੋਲ਼ੇ ਜਾਂ ਉੱਚਾ ਸੁਣਨ ਵਾਲੇ ਬੱਚਿਆਂ ਵਾਲੇ ਬੀ ਸੀ ਦੇ ਸਾਰੇ ਪਰਿਵਾਰ ਐੱਸ ਐੱਫ ਸੀ ਡੀ ਦੀਆਂ ਸੇਵਾਵਾਂ ਲਈ ਹੱਕਦਾਰ ਹਨ।

- ਪਰਿਵਾਰ ਦੇ ਨੇੜਲੇ ਮੈਂਬਰਾਂ (ਮਾਪਿਆਂ, ਸਰਪ੍ਰਸਤਾਂ, ਭੈਣਾਂ-ਭਰਾਵਾਂ) ਨੂੰ ਰਜਿਸਟਰੇਸ਼ਨ ਲਈ ਪਹਿਲ ਦਿੱਤੀ ਜਾਂਦੀ ਹੈ।
- ਸਯੁੰਕਤ ਪਰਿਵਾਰ (ਐਕਸਟੈਂਡਿਡ ਫੈਮਲੀ) ਦੇ ਮੈਂਬਰਾਂ ਦੇ ਨਾਂ "ਪਹਿਲਾਂ ਆਉਣ ਵਾਲੇ ਨੂੰ ਸੇਵਾ ਵਿੱਚ ਪਹਿਲ" ਦੇ ਆਧਾਰ ਉੱਤੇ ਸੂਚੀ ਵਿੱਚ ਦਰਜ ਕੀਤੇ ਜਾਂਦੇ ਹਨ। ਇਕ ਪਰਿਵਾਰ ਪਿੱਛੇ ਸਯੁੰਕਤ ਪਰਿਵਾਰ ਦੇ ਵੱਧ ਤੋਂ ਵੱਧ ਦੋ ਮੈਂਬਰ (ਦਾਦਾ/ਦਾਦੀ, ਨਾਨਾ/ਨਾਨੀ, ਭੂਆ/ਮਾਸੀਆਂ, ਚਾਚੇ-ਤਾਏ/ਮਾਮੇ, ਚਚੇਰੇ-ਮਸੇਰੇ-ਮਮੇਰੇ ਭਰਾ/ਭੈਣਾਂ)।
- ਬੋਲ਼ੇ ਅਤੇ ਉੱਚਾ ਸੁਣਨ ਵਾਲੇ ਬੱਚੇ/ਜਵਾਨ ਦੀ ਕਮਿਊਨਿਟੀ ਦੇ ਮੈਂਬਰਾਂ ਨੂੰ ਸਯੁੰਕਤ ਪਰਿਵਾਰ ਦੇ ਮੈਂਬਰਾਂ ਤੋਂ ਬਾਅਦ ਵਿੱਚ ਰੱਖਿਆ ਜਾਂਦਾ ਹੈ। ਇਕ ਪਰਿਵਾਰ ਪਿੱਛੇ ਕਮਿਊਨਿਟੀ ਦੇ ਵੱਧ ਤੋਂ ਵੱਧ ਦੋ ਮੈਂਬਰ (ਸੁਣ ਸਕਣ ਵਾਲਾ ਨੇੜੇ ਦਾ ਦੋਸਤ, ਗੁਆਂਢੀ, ਬੇਬੀਸਿਟਰ ਆਦਿ)।

"ਮੈਨੂੰ ਇਸ ਗੱਲ ਤੋਂ ਉਤਸ਼ਾਹ ਮਿਲਦਾ ਹੈ ਕਿ ਮੈਂ ਠੀਕ ਹਾਂ ਅਤੇ ਦੂਸਰੇ ਮਾਪਿਆਂ ਦੀਆਂ ਵੀ ਮੇਰੇ ਵਰਗੀਆਂ ਭਾਵਨਾਵਾਂ ਅਤੇ ਤਜਰਬੇ ਹਨ।" ਇਕ ਮਾਪਾ

ਹੋਰ ਜਾਣਕਾਰੀ ਜਾਂ ਸਲਾਹ ਮਸ਼ਵਰੇ ਲਈ ਸੰਪਰਕ ਕਰੋ:
ਬੋਲ਼ੇ ਅਤੇ ਉੱਚਾ ਸੁਣਨ ਵਾਲਿਆਂ ਲਈ: 604 660 1807
ਫੋਨ: 604 775 4008
ਫੈਕਸ: 604 660 1859